# ਪੰਜਾਬ ਵਿਧਾਨ ਸਭਾ ਸਕੱਤਰੇਤ

ਸੋਮਵਾਰ, ਮਿਤੀ 02 ਮਾਰਚ, 2020 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨ੍ਹਾਂ ਨਿਸ਼ਾਨ ਵਾਲੇ ਪ੍ਰਸ਼ਨ।

## ਜਗਰਾਓਂ ਨਗਰ ਕੌਂਸਲ ਨੂੰ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਪ੍ਰਾਪਤ ਹੋਏ ਬਜਟ ਦਾ ਵੇਰਵਾ

**360. ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਜਗਰਾਓਂ ਦੀ ਨਗਰ ਕੌਂਸਲ ਨੂੰ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਕਿੰਨਾ ਬਜਟ ਪ੍ਰਾਪਤ ਹੋਇਆ ਹੈ;

ਅ) ਇਸ ਬਜਟ ਨਾਲ ਕਿੰਨੇ ਮਕਾਨਾਂ ਦੀ ਉਸਾਰੀ ਕੀਤੀ ਗਈ ਹੈ;

ੲ) ਇਸ ਯੋਜਨਾ ਤਹਿਤ ਕਿੰਨੇ ਲੋਕਾਂ ਨੇ ਅਪਲਾਈ ਕੀਤਾ ਹੈ ਤੇ ਕਿੰਨੇ ਲੋਕਾਂ ਨੂੰ ਮਕਾਨ ਦਿੱਤਾ ਗਿਆ ਹੈ?

## ਅਧਿਆਪਕਾਂ ਨੂੰ ਲੈਕਚਰਾਰ ਪੱਦਉਨਤ ਕਰਨਾ

**400. ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਬਹੁਤ ਸਾਰੇ ਯੋਗਤਾ ਪ੍ਰਾਪਤ ਅਧਿਆਪਕ ਮਾਸਟਰ ਕੇਡਰ ਵਿੱਚ ਭਰਤੀ ਹੋਏ ਸੀ ਪਰੰਤੂ 15 ਸਾਲ ਬੀਤ ਜਾਣ ਬਾਅਦ ਵੀ ਉਨ੍ਹਾਂ ਨੂੰ ਯੋਗਤਾ ਪੂਰੀ ਹੋਣ ਦੇ ਬਾਵਜੂਦ ਲੈਕਚਰਾਰ ਕੇਡਰ ਲਈ ਨਹੀਂ ਚੁਣਿਆ ਗਿਆ;

ਅ) ਪੰਜਾਬ ਵਿੱਚ ਅਜਿਹੇ ਕਿੰਨੇ ਅਧਿਆਪਕ ਹਨ ਜੋ ਪ੍ਰਮੋਸ਼ਨ ਨੂੰ ਉਡੀਕ ਕੇ ਰਿਟਾਇਰ ਹੋ ਗਏ ਹਨ;

ੲ) ਕੀ ਸਰਕਾਰ ਲੈਕਚਰਾਰਾਂ ਦੀ ਸਿੱਧੀ ਭਰਤੀ ਕਰਨ ਦੀ ਥਾਂ ਤੇ ਸਭ ਤੋਂ ਪਹਿਲਾਂ ਅਧਿਆਪਕ ਵਰਗ ਦਾ ਮਨੋਬਲ ਉੱਚਾ ਚੁੱਕਣ ਲਈ ਉਨ੍ਹਾ ਨੂੰ ਪ੍ਰਮੋਸ਼ਨ ਦੇਣ ਦੀ ਤਜਵੀਜ਼ ਰੱਖਦੀ ਹੈ?

## ਪ੍ਰਾਈਵੇਟ ਸਕੂਲ ਖੋਲ੍ਹਣ ਦੀ ਪਾਲਿਸੀ

**401. ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਰਾਜ ਵਿੱਚ ਪ੍ਰਾਈਵੇਟ ਸਕੂਲ ਖੋਲ੍ਹਣ ਦੀ ਕੀ ਪਾਲਿਸੀ ਲਾਗੂ ਕੀਤੀ ਜਾਂਦੀ ਹੈ;

ਅ) ਇੱਕ ਬਲਾਕ ਦੇ ਵਿੱਚ ਘੱਟ ਤੋਂ ਘੱਟ ਕਿੰਨੇ ਛੋਟੇ ਵੱਡੇ ਪ੍ਰਾਈਵੇਟ ਸਕੂਲ ਖੁੱਲ ਸਕਦੇ ਹਨ;

ੲ) ਪੰਜਾਬ ਰਾਜ ਵਿੱਚ ਕੁੱਲ ਕਿੰਨੇ ਪ੍ਰਾਈਵੇਟ ਸਕੂਲ, ਕਿੰਨੇ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਹਨ;

ਸ) ਕੀ ਸਰਕਾਰ ਏਅਰਟੈਲ ( Airtel) ਦੇ ਸਕੂਲਾਂ ਦੇ ਖੁੱਲਣ ਨਾਲ ਫਿਕਰਮੰਦ ਹੈ ਕਿਉਂਕਿ ਇਸ ਦਾ ਸਿੱਧਾ ਪ੍ਰਭਾਵ ਸਰਕਾਰੀ ਸਕੂਲਾਂ ਦੇ ਬੱਚਿਆਂ ਉੱਪਰ ਪੈਂਦਾ ਹੈ;

ਹ) ਕੀ ਪ੍ਰਾਈਵੇਟ ਸਕੂਲਾਂ ਨੂੰ ਮੰਤਰੀ ਸਹਿਬਾਨਾਂ ਵੱਲੋਂ ਸਰਕਾਰੀ ਗਰਾਂਟ ਦਿੱਤੀ ਜਾਂਦੀ ਹੈ?

## ਬਹਾਦਰਪੁਰ ਤੋਂ ਡਸਕਾ ਲਿੰਕ ਰੋਡ ਦੀ ਹਾਲਤ ਵਿਚ ਸੁਧਾਰ ਕਰਨਾ

**408. ਸ੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਬ-ਡਵੀਜਨ ਬੁਢਲਾਡਾ ਵਿਚ ਇਕੋ ਇਕ ਯੂਨੀਵਰਸਿਟੀ ਕਾਲਜ ਹੈ ਜ਼ੋ ਬਹਾਦਰਪੁਰ ਡਸਕਾ ਸੜਕ ਤੇ ਸਥਿਤ ਹੈ;

ਅ) ਕੀ ਇਹ ਵੀ ਠੀਕ ਹੈ ਕਿ ਕਾਲਜ ਨੂੰ ਜਾਣ ਵਾਲੀ ਸੜਕ ਦੀ ਹਾਲਤ ਬਹੁਤ ਹੀ ਮਾੜੀ ਹੈ, ਜਿਸ ਤੇ ਕਾਲਜ ਆਉਣ ਜਾਣ ਵੇਲੇ ਵਿਦਿਆਰਥੀ ਧੂੜ ਨਾਲ ਭਰ ਜਾਂਦੇ ਹਨ;

ੲ) ਜੇਕਰ ਉਤਰ ਹਾਂ ਵਿਚ ਹੈ ਤਾਂ ਇਹ ਸੜਕ (ਜ਼ੋ ਬਹਾਦਰਪੁਰ ਤੋਂ ਡਸਕਾ ਲਿੰਕ ਰੋਡ ਹੈ) ਕਦੋਂ ਤੱਕ ਬਣਾ ਦਿੱਤੀ ਜਾਵੇਗੀ?

## ਬੁਢਲਾਡਾ, ਬਰੇਟਾ ਅਤੇ ਬੋਹਾ ਵਿਚ ਸਿਹਤ ਜਾਂਚ ਕੇਂਦਰ ਬਾਰੇ

**409. ਸ੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਹਲਕਾ ਬੁਢਲਾਡਾ ਦੇ ਹਸਪਤਾਲਾਂ ਬੁਢਲਾਡਾ, ਬਰੇਟਾ ਅਤੇ ਬੋਹਾ ਵਿਚ ਸਿਹਤ ਜਾਂਚ ਲਈ ਲੋੜੀਂਦੀਆਂ ਪੋਸਟਾਂ ਭਰੀਆਂ ਹੋਈਆਂ ਹਨ; ਜੇਕਰ ਨਹੀਂ ਤਾਂ ਕਿਹੜੀਆਂ-ਕਿਹੜੀਆਂ ਪੋਸਟਾਂ ਖਾਲ੍ਹੀ ਹਨ ਅਤੇ ਕਿੰਨੀਆਂ ਹਨ;

ਅ) ਇਹ ਪੋਸਟਾਂ ਭਰਨ ਲਈ ਸਰਕਾਰ ਦੀ ਕੀ ਨੀਤੀ ਹੈ;

ੲ) ਇਨ੍ਹਾ ਸਿਹਤ ਜਾਂਚ ਕੇਂਦਰਾਂ (Tests labs) ਵਿਚ ਕਿਹੜੀਆਂ-ਕਿਹੜੀਆਂ ਜਾਂਚਾਂ (Tests) ਕੀਤੀਆਂ ਜਾਂਦੀਆਂ ਹਨ; ਜੇਕਰ ਸਾਰੇ ਟੈਸਟ ਕਰਨ ਲਈ ਲੋੜੀਂਦੇ ਉਪਕਰਨ ਅਤੇ ਟੈਸਟ ਸਮਾਨ ਪੂਰੇ ਨਹੀਂ ਹਨ ਤਾਂ ਇਹ ਕਦੋਂ ਤੱਕ ਪੂਰੇ ਕਰ ਦਿੱਤੇ ਜਾਣਗੇ;

ਸ) ਬੁਢਲਾਡਾ ਲੈਬ ਵਿਚ ਮਰੀਜਾਂ ਦੇ ਬੈਠਣ ਲਈ ਬੈਂਚ ਆਦਿ ਕਦੋਂ ਤੱਕ ਮੁਹੱਈਆ ਕਰਵਾ ਦਿੱਤੇ ਜਾਣਗੇ?

## ਪੰਜਾਬ ਦੇ ਸਕੂਲਾਂ ਵਿਚ ਦਰਜਾ ਚਾਰ ਦੀਆਂ ਅਸਾਮੀਆਂ

**410. ਸ੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਦੇ ਸਕੂਲਾਂ ਵਿਚ ਦਰਜਾ ਚਾਰ ਦੀਆਂ ਪੋਸਟਾਂ ਖਾਸ ਕਰਕੇ ਸੇਵਾਦਾਰ, ਚੌਕੀਦਾਰ, ਮਾਲੀ ਅਤੇ ਸਫਾਈ ਸੇਵਕ ਦੀਆਂ ਪੋਸਟਾਂ ਭਰਨ ਤੇ ਪਾਬੰਦੀ ਹੈ; ਜੇਕਰ ਨਹੀਂ ਤਾਂ ਇਹਨਾਂ ਪੋਸਟਾਂ ਨੂੰ ਨਾ ਭਰਨ ਦੇ ਕੀ ਕਾਰਨ ਹਨ ਅਤੇ ਇਹ ਪੋਸਟਾਂ (ਜੋ 20 ਸਾਲਾਂ ਤੋਂ ਨਹੀਂ ਭਰੀਆਂ ਗਈਆਂ) ਕਦੋਂ ਤੱਕ ਭਰਨ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ?

## ਬੁਢਲਾਡਾ ਦੇ ਪਿੰਡਾਂ ਵਿਚ ਸੁਵਿਧਾ ਕੇਂਦਰ ਦਾ ਪ੍ਰਬੰਧ

**411. ਸ੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਬੋਹਾ (ਸਬ-ਡਵੀਜਨ ਬੁਢਲਾਡਾ) ਵਿਖੇ ਕੋਈ ਵੀ ਸੁਵਿਧਾ ਕੇਂਦਰ ਨਹੀਂ ਹੈ ਜਦੋਂ ਕਿ ਇਹ ਸ਼ਹਿਰ ਆਲੇ ਦੁਆਲੇ ਦੇ 32 ਪਿੰਡਾਂ ਨੂੰ ਕਵਰ ਕਰਦਾ ਹੈ;

ਅ) ਕੀ ਲਗਭਗ 80,000 ਦੀ ਅਬਾਦੀ ਨੂੰ ਕਵਰ ਕਰਨ ਵਾਲੇ ਇਸ ਬੋਹਾ ਸ਼ਹਿਰ ਵਿਚ ਕੋਈ ਸੁਵਿਧਾ ਕੇਂਦਰ ਦੁਬਾਰਾ ਚਾਲੂ ਕਰਨਾ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਸੁਵਿਧਾ ਕੇਂਦਰ ਕਦੋਂ ਤੱਕ ਚਾਲੂ ਕਰ ਦਿੱਤਾ ਜਾਵੇਗਾ?

ਚੰਡੀਗੜ੍ਹ
ਮਿਤੀ 27 ਫਰਵਰੀ, 2020

28/2/2020
ਸੁਪਰਡੈਂਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।